

# ਈ-ਗਵਰਨੈਂਸ

**ਇਸ ਪਾਠ ਦੇ ਉਦੇਸ਼**

7.1 ਜਾਣ ਪਛਾਣ

7.2 ਚੰਗੀ ਗਵਰਨੈਂਸ ਦੀਆਂ ਵਿਸ਼ੇਸ਼ਤਾਵਾਂ

7.3 ਈ-ਗਵਰਨੈਂਸ ਕੀ ਹੈ ?

7.4 ਗਵਰਨੈਂਸ vs. ਈ.ਗਵਰਨੈਂਸ

7.5 ਈ-ਗਵਰਨੈਂਸ ਦਾ ਇਤਿਹਾਸ ਅਤੇ ਵਿਕਾਸ


7.6 ਈ-ਗਵਰਨੈਂਸ ਦੇ ਉਦੇਸ਼

7.7 ਈ-ਗਵਰਨੈਂਸ ਮਾਡਲਜ਼

7.8 ਈ-ਗਵਰਨੈਂਸ ਸੇਵਾਵਾਂ

## 7.1 ਜਾਣ ਪਛਾਣ (Introduction)

ਇਸ ਤੋਂ ਪਹਿਲਾਂ ਕਿ ਅਸੀਂ ਈ-ਗਵਰਨੈਂਸ ਬਾਰੇ ਜਾਣਕਾਰੀ ਹਾਸਿਲ ਕਰਨਾ ਸ਼ੁਰੂ ਕਰੀਏ, ਸਾਨੂੰ ਗਵਰਨੈਂਸ ਬਾਰੇ ਪਤਾ ਹੋਣਾ ਬਹੁਤ ਜ਼ਰੂਰੀ ਹੈ। ਗਵਰਨੈਂਸ (ਸ਼ਾਸਨ) ਦੀ ਧਾਰਨਾ ਨਵੀਂ ਨਹੀਂ ਹੈ, ਇਹ ਮਨੁੱਖੀ ਸਭਿਅਤਾ ਜਿੰਨੀ ਹੀ ਪੁਰਾਣੀ ਹੈ। "ਗਵਰਨੈਂਸ (ਸ਼ਾਸਨ)" ਦਾ ਅਰਥ ਹੈ ਫੈਸਲੇ ਲੈਣ ਅਤੇ ਉਹਨਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ। ਗਵਰਨੈਂਸ ਦੇ ਕੰਮਾਂ ਵਿੱਚ ਵੱ—ਵੱਖ ਪਾਤਰ ਸ਼ਾਮਿਲ ਹੁੰਦੇ ਹਨ। ਗਵਰਨੈਂਸ ਦਾ ਵਿਸ਼ਲੇਸ਼ਣ (analysis) ਕਰਦੇ ਸਮੇਂ ਸਾਡਾ ਧਿਆਨ ਫੈਸਲੇ ਲੈਣਾ ਅਤੇ ਫੈਸਲਿਆਂ ਨੂੰ ਲਾਗੂ ਕਰਨ ਵਿੱਚ ਸ਼ਾਮਿਲ ਰਸਮੀ (formal ਅਤੇ ਗੈਰ-ਰਸਮੀ (informal) ਪਾਤਰਾਂ (actors) ਉੱਪਰ ਕੇਂਦਰਤ ਹੁੰਦਾ ਹੈ। ਸਰਕਾਰ ਗਵਰਨੈਂਸ ਵਿੱਚ ਸ਼ਾਮਲ ਪਾਤਰਾਂ ਵਿੱਚੋਂ ਇੱਕ ਮਹੱਤਵਪੂਰਣ ਪਾਤਰ ਹੈ। ਗਵਰਨੈਂਸ ਵਿੱਚ ਸ਼ਾਮਿਲ ਹੋਰ ਪਾਤਰ ਸਰਕਾਰ ਦੇ ਲੇਵਲ ਦੇ ਅਧਾਰ ਤੇ ਵੱਖੋ-ਵੱਖਰੇ ਹੁੰਦੇ ਹਨ। ਹੇਠਾਂ ਦਿੱਤਾ ਚਿੱਤਰ ਗਵਰਨੈਂਸ ਦੇ ਵੱਖ-ਵੱਖ ਲੇਵਲਜ਼ ਨੂੰ ਦਰਸਾਉਂਦਾ ਹੈ—




**ਚਿੱਤਰ 7.1 ਈ-ਗਵਰਨੈਂਸ ਦੇ ਲੇਵਲਜ਼**

## 7.2 ਚੰਗੀ ਗਵਰਨੈਂਸ ਦੀਆਂ ਵਿਸ਼ੇਸ਼ਤਾਵਾਂ (Characteristics of Good Governance) :

ਇੱਕ ਚੰਗੀ ਗਵਰਨੈਂਸ ਵਧੀਆ ਤਰੀਕੇ ਨਾਲ ਫੈਸਲੇ ਲੈਣ ਅਤੇ ਲਾਗੂ ਕਰਨ ਦੀ ਪ੍ਰਕਿਰਿਆ ਹੈ। ਚੰਗੀ ਗਵਰਨੈਂਸ 'ਸਹੀ' ਫੈਸਲੇ ਲੈਣ ਨਾਲ ਹੀ ਸੰਬੰਧਿਤ ਨਹੀਂ ਹੁੰਦੀ, ਬਲਕਿ ਇਹ ਉਨ੍ਹਾਂ ਫੈਸਲਿਆਂ ਨੂੰ ਲੈਣ ਅਤੇ ਲਾਗੂ ਕਰਨ ਦੇ ਸਭ

ਤੋਂ ਵਧੀਆ ਪ੍ਰੋਸੈਸ ਨਾਲ ਸੰਬੰਧਿਤ ਹੁੰਦੀ ਹੈ। ਇੱਕ ਚੰਗੀ ਗਵਰਨੈਂਸ ਦੀਆਂ ਕੁੱਝ ਮਹੱਤਵਪੂਰਣ ਵਿਸ਼ੇਸ਼ਤਾਵਾਂ ਹੇਠਾਂ ਦਿੱਤੀਆਂ ਗਈਆਂ ਹਨ।

1. ਚੰਗੀ ਗਵਰਨੈਂਸ, ਲਏ ਗਏ ਫੈਸਲਿਆਂ ਦੇ ਨਤੀਜਿਆਂ ਲਈ ਸਮਾਜ (Community) ਨੂੰ ਜਵਾਬਦੇਹ (answerable) ਹੁੰਦੀ ਹੈ।
2. ਚੰਗੀ ਗਵਰਨੈਂਸ ਪਾਰਦਰਸ਼ੀ (transparent) ਹੁੰਦੀ ਹੈ ਜਿਸਦਾ ਮਤਲਬ ਹੈ ਕਿ ਲੋਕ ਸਪਸ਼ਟ ਰੂਪ ਵਿੱਚ ਦੇਖ ਸਕਦੇ ਹਨ ਕਿ ਫੈਸਲਾ ਕਿਵੇਂ ਅਤੇ ਕਿਉਂ ਲਿਆ ਗਿਆ।
3. ਚੰਗੀ ਗਵਰਨੈਂਸ ਕਾਨੂੰਨ ਦੀ ਪਾਲਣਾ ਕਰਦੀ ਹੈ।
4. ਚੰਗੀ ਗਵਰਨੈਂਸ ਜਵਾਬਦੇਹ (reponsible) ਹੁੰਦੀ ਹੈ ਜਿਸਦਾ ਅਰਥ ਹੈ ਕਿ ਸਰਕਾਰ ਹਮੇਸ਼ਾ ਸਮੁੱਚੇ ਭਾਈਚਾਰੇ ਦੀਆਂ ਲੋੜਾਂ ਨੂੰ ਸਮੇਂ ਸਿਰ ਅਤੇ ਢੁੱਕਵੇਂ ਢੰਗ ਨਾਲ ਪੂਰਾ ਕਰਨ ਦੀ ਕੋਸ਼ਿਸ਼ ਕਰਦੀ ਹੈ।
5. ਚੰਗੀ ਗਵਰਨੈਂਸ ਲਏ ਗਏ ਫੈਸਲਿਆਂ ਨੂੰ ਲਾਗੂ ਕਰਨ ਵਿੱਚ ਕੁਸ਼ਲ ਅਤੇ ਪ੍ਰਭਾਵਸ਼ਾਲੀ ਹੁੰਦੀ ਹੈ ਅਤੇ ਉਹਨਾਂ ਪ੍ਰਕਿਰਿਆਵਾਂ ਦੀ ਵਰਤੋਂ ਕਰਦੀ ਹੈ ਜੋ ਉਪਲਬਧ ਲੋਕਾਂ ਅਤੇ ਸਰੋਤਾਂ ਦੀ ਸੁਚੱਜੀ ਵਰਤੋਂ ਕਰਦੇ ਹੋਏ ਸਮਾਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ।
6. ਚੰਗੀ ਗਵਰਨੈਂਸ ਵਿੱਚ ਸਭ ਦੀ ਸ਼ਮੂਲੀਅਤ ਹੁੰਦੀ ਹੈ। ਕੋਈ ਵੀ ਵਿਅਕਤੀ ਜੋ ਕਿਸੇ ਫੈਸਲੇ ਤੋਂ ਪ੍ਰਭਾਵਿਤ ਹੋਵੇ ਜਾਂ ਗਵਰਨੈਂਸ ਦੇ ਫੈਸਲਿਆਂ ਵਿੱਚ ਦਿਲਚਸਪੀ ਰੱਖਦਾ ਹੋਵੇ, ਉਹਨਾਂ ਵਿਅਕਤੀਆਂ ਕੋਲ ਗਵਰਨੈੱਸ ਦੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਦਾ ਮੌਕਾ ਹੁੰਦਾ ਹੈ। ਇਹ ਕੰਮ ਕਈ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ, ਜਿਵੇਂ ਕਿ-ਕਮਿਊਨਿਟੀ ਮੈਂਬਰਾਂ ਨੂੰ ਜਾਣਕਾਰੀ ਮੁਹੱਈਆ ਕਰਵਾ ਕੇ, ਉਨ੍ਹਾਂ ਦੀ ਰਾਏ ਮੰਗ ਕੇ, ਸਿਫਾਰਸ਼ਾਂ ਕਰਨ ਦਾ ਮੌਕਾ ਪ੍ਰਦਾਨ ਕਰਕੇ ਜਾਂ ਕੁੱਝ ਮਾਮਲਿਆਂ ਵਿੱਚ ਅਸਲ ਫੈਸਲੇ ਲੈਣ ਦੀ ਪ੍ਰਕਿਰਿਆ ਦਾ ਹਿੱਸਾ ਬਣ ਕੇ।




**ਚਿੱਤਰ 7.2 ਚੰਗੀ ਗਵਰਨੈਂਸ ਦੀਆਂ ਵਿਸ਼ੇਸ਼ਤਾਵਾਂ**

### 7.3 ਈ-ਗਵਰਨੈਂਸ ਕੀ ਹੈ ? (What is E-Governance) :

ਈ-ਗਵਰਨੈਂਸ ਦਾ ਅਰਥ ਹੈ ਇਲੈਕਟ੍ਰੌਨਿਕ ਗਵਰਨੈਂਸ। ਆਮ ਤੌਰ ਤੇ ਜਦੋਂ ਗਵਰਨੈਂਸ ਦੇ ਕੰਮਾਂ ਲਈ ਸੂਚਨਾ ਟੈਕਨੋਲੋਜੀ (IT) ਅਤੇ ਸੰਚਾਰ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਉਸਨੂੰ ਈ-ਗਵਰਨੈਂਸ ਕਿਹਾ ਜਾਂਦਾ ਹੈ। ਸਰਕਾਰ ਈ-ਗਵਰਨੈਂਸ ਦੀ ਵਰਤੋਂ ਕਰਦਿਆਂ ਨਾਗਰਿਕਾਂ ਨੂੰ ਕਈ ਤਰ੍ਹਾਂ ਦੀਆਂ ਸੇਵਾਵਾਂ ਆਨਲਾਈਨ ਵਿਧੀ ਨਾਲ ਪ੍ਰਦਾਨ ਕਰਦੀ ਹੈ। ਈ-ਗਵਰਨੈਂਸ ਨੇ ਨਾਗਰਿਕਾਂ ਲਈ ਸਰਕਾਰ ਦੇ ਕੰਮ ਨੂੰ ਵਧੇਰੇ ਕੁਸ਼ਲ ਅਤੇ ਪਾਰਦਰਸ਼ੀ ਬਣਾ ਦਿੱਤਾ ਹੈ। ਕਿਸੇ ਵੀ ਸਰਕਾਰ ਦੀ ਸਫਲਤਾ ਜਾਂ ਅਸਫਲਤਾ ਹੇਠ ਲਿਖੇ ਮੁੱਖ ਕਾਰਕਾਂ 'ਤੇ ਨਿਰਭਰ ਕਰਦੀ ਹੈ—

1. ਸਰਕਾਰ ਦੇ ਕੰਮ ਕਰਨ ਦੇ ਤਰੀਕੇ ਉੱਪਰ।
2. ਸਰਕਾਰੀ ਕੰਮ ਅਤੇ ਜਾਣਕਾਰੀ ਵਿੱਚ ਪਾਰਦਰਸ਼ਤਾ ਉੱਪਰ।
3. ਸਰਕਾਰ ਅਤੇ ਨਾਗਰਿਕਾਂ ਦੇ ਵਿਚਕਾਰ ਸੰਚਾਰ ਉੱਪਰ।

ਈ-ਗਵਰਨੈਂਸ ਵਿੱਚ ਸਰਕਾਰ ਆਪਣੇ ਨਾਗਰਿਕਾਂ ਅਤੇ ਕਾਰੋਬਾਰਾਂ ਨੂੰ ਜਾਣਕਾਰੀ ਪ੍ਰਦਾਨ ਕਰਨ ਲਈ ਸੂਚਨਾ ਟੈਕਨੋਲੋਜੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੇ ਉਪਰਾਲੇ ਕਰਦੀ ਹੈ।

**ਈ-ਗਵਰਨੈਂਸ ਦੇ ਚਾਰ ਥੰਮ੍ਹ ਹਨ** (Four pillars of E-Governance) :

1. **ਸੰਪਰਕ (Connectivity) :** ਲੋਕਾਂ ਨੂੰ ਸਰਕਾਰ ਦੀਆਂ ਸੇਵਾਵਾਂ ਨਾਲ ਜੋੜਨ ਲਈ ਸੰਪਰਕ ਦੀ ਲੋੜ ਪੈਂਦੀ ਹੈ।
2. **ਗਿਆਨ (Knowledge) :** ਗਿਆਨ ਤੋਂ ਭਾਵ ਹੈ ਸੂਚਨਾ ਤਕਨੀਕ ਨਾਲ ਸੰਬੰਧਿਤ ਗਿਆਨ। ਸਰਕਾਰੀ ਕਰਮਚਾਰੀ ਅਤੇ ਹੁਨਰਮੰਦ ਇੰਜੀਨੀਅਰ ਈ-ਗਵਰਨੈਂਸ ਨੂੰ ਕੁਸ਼ਲ ਤਰੀਕੇ ਨਾਲ ਕੰਮ ਕਰਨਾ ਸੰਭਵ ਬਣਾਉਂਦੇ ਹਨ।
3. **ਡਾਟਾ ਕੰਟੈਂਟ (Data Content) :** ਇੰਟਰਨੈੱਟ ਤੇ ਜਾਣਕਾਰੀ ਸ਼ੇਅਰ ਕਰਨ ਲਈ, ਸਰਕਾਰ ਆਪਣਾ ਡਾਟਾਬੇਸ ਮੇਨਟੇਨ ਕਰਕੇ ਰੱਖਦੀ ਹੈ ਜਿਸ ਵਿੱਚ ਸਰਕਾਰੀ ਸੇਵਾਵਾਂ ਨਾਲ ਸੰਬੰਧਤ ਡਾਟਾ ਸਟੋਰ ਕੀਤਾ ਜਾਂਦਾ ਹੈ।
4. **ਪੂੰਜੀ (Capital) :** ਇਹ ਉਹ ਨਿਵੇਸ਼ ਹੁੰਦਾ ਹੈ ਜੋ ਸਰਕਾਰ ਦੁਆਰਾ ਈ-ਗਵਰਨੈਂਸ ਸੇਵਾਵਾਂ ਲੋਕਾਂ ਨੂੰ ਪ੍ਰਦਾਨ ਕਰਨ ਲਈ ਕੀਤਾ ਜਾਂਦਾ ਹੈ।

ਈ-ਗਵਰਨੈਂਸ ਦੀ ਵਿਆਪਕ ਮੰਗ ਅਤੇ ਡਾਟਾ ਤੇ ਤੇਜ਼ੀ ਨਾਲ ਵੱਧ ਰਹੇ ਆਕਾਰ ਕਾਰਨ ਨਵੀਂਆਂ ਤਕਨੀਕਾਂ, ਜਿਵੇਂ ਕਿ ਓਪਨ ਸੋਰਸ ਸੋਲਿਊਸ਼ਨ (Open source solutions) ਅਤੇ ਕਲਾਉਡ ਕੰਪਿਊਟਿੰਗ, ਨੂੰ ਸਰਕਾਰ ਦੇ ਕੰਮਕਾਜ ਵਿੱਚ ਵਰਤਣ ਦੀ ਲੋੜ ਪੈਂਦੀ ਹੈ। ਅੱਜ ਦੇ ਸਮੇਂ ਬਿਦਲੀ, ਪਾਣੀ, ਫੋਨ ਅਤੇ ਹਰ ਪ੍ਰਕਾਰ ਦੇ ਬਿੱਲਾਂ ਦਾ ਭੁਗਤਾਨ ਇੰਟਰਨੈੱਟ ਦੁਆਰਾ ਕੀਤਾ ਜਾ ਸਕਦਾ ਹੈ।

### 7.4 ਗਵਰਨੈਂਸ VS ਈ-ਗਵਰਨੈਂਸ (Governance VS E-Governance) :

ਹੇਠਾਂ ਦਿੱਤਾ ਟੇਬਲ ਗਵਰਨੈਂਸ ਅਤੇ ਈ-ਗਵਰਨੈਂਸ ਵਿੱਚ ਅੰਤਰ ਨੂੰ ਦਰਸ਼ਾ ਰਿਹਾ ਹੈ-

| ਗਵਰਨੈਂਸ | ਈ-ਗਵਰਨੈਂਸ |
|---|---|
| • ਗਵਰਨੈਂਸ ICT ਦੀ ਵਰਤੋਂ ਕੀਤੇ ਬਿਨ੍ਹਾਂ ਫੈਸਲੇ ਲੈਣ ਅਤੇ ਉਹਨਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਦਰਸਾਉਂਦਾ ਹੈ।<br>• ਇਹ ਇੱਕ ਤਰਫਾ ਸੰਚਾਰ ਪ੍ਰੋਟੋਕੋਲ (One-way communication) ਦੀ ਵਰਤੋਂ ਕਰਦਾ ਹੈ। | • ਈ-ਗਵਰਨੈਂਸ ਲੋਕਾਂ ਨੂੰ ਪ੍ਰਦਾਨ ਕੀਤੀ ਜਾਣ ਵਾਲੀ ਜਾਣਕਾਰੀ ਅਤੇ ਸੇਵਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ICT ਦੀ ਵਰਤੋਂ ਕਰਦਾ ਹੈ।<br>• ਇਹ ਦੋ-ਤਰਫਾ ਸੰਚਾਰ ਪ੍ਰੋਟੋਕੋਲ (two-way com muni cation) ਦੀ ਵਰਤੋਂ ਕਰਦਾ ਹੈ। |

### 7.5 ਈ-ਗਵਰਨੈਂਸ ਦਾ ਇਤਿਹਾਸ ਅਤੇ ਵਿਕਾਸ (History and Deveopment of E-Governance) :

ਭਾਰਤ ਵਿੱਚ ਈ-ਗਵਰਨੈਂਸ ਦੀ ਸ਼ੁਰੂਆਤ 70 ਦੇ ਦਹਾਕੇ ਦੌਰਾਨ ਹੋਈ ਸੀ। ਉਸ ਸਮੇਂ ਸਰਕਾਰ ਨੇ ਰੱਖਿਆ, ਆਰਥਿਕ ਨਿਗਰਾਨੀ ਅਤੇ ਯੋਜਨਾਬੰਦੀ ਦੇ ਖੇਤਰਾਂ ਵਿੱਚ ਈ-ਗਵਰਨੈਂਸ ਸੇਵਾਵਾਂ ਦੀ ਵਰਤੋਂ ਕੀਤੀ ਸੀ। ਫਿਰ ICT ਦੀ ਵਰਤੋਂ ਚੋਣਾਂ, ਜਨਗਣਨਾ, ਟੈਕਸ ਪ੍ਰਸ਼ਾਸਨ ਆਦਿ ਨਾਲ ਜੁੜੇ ਅੰਕੜਿਆਂ ਦੇ ਪ੍ਰਬੰਧਨ ਲਈ ਕੀਤੀ ਗਈ ਸੀ। ਉਸ ਤੋਂ ਬਾਅਦ, ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ (National Informatics Center-NIC) ਦੇ ਯਤਨਾਂ ਸਦਕਾ 80 ਦੇ ਦਹਾਕੇ ਦੌਰਾਨ ਸਾਰੇ ਜ਼ਿਲ੍ਹਾ ਮੁੱਖ ਦਫ਼ਤਰ ਜੋੜੇ ਗਏ। 90 ਦੇ ਦਹਾਕੇ ਦੇ ਸ਼ੁਰੂ ਵਿੱਚ ਈ-ਗਵਰਨੈਂਸ ਨੇ IT ਦੀ ਵਰਤੋਂ ਕਰਦੇ

ਹੋਏ ਵਿਸ਼ਾਲ ਸੈਕਟਰਲ ਐਪਲੀਕੇਸ਼ਨਜ਼ (Wider sectoral applications), ਵਿਸ਼ੇਸ਼ ਤਰ ਤੇ ਪੇਂਡੂ ਖੇਤਰਾਂ, ਤੱਕ ਪਹੁੰਚਣ 'ਤੇ ਜ਼ੋਰ ਦਿੱਤਾ।

ਈ-ਗਵਰਨੈਂਸ ਤੋਂ ਪਹਿਲਾਂ ਨਾਗਰਿਕਾਂ ਅਤੇ ਸਰਕਾਰ ਵਿੱਚ ਗੱਲਬਾਤ ਸਰਕਾਰੀ ਦਫ਼ਤਰਾਂ ਵਿੱਚ ਹੀ ਹੁੰਦੀ ਸੀ। ਪਰ ਸੂਚਨਾ ਅਤੇ ਸੰਚਾਰ ਤਕਨੀਕਾਂ ਦੀ ਤਰੱਕੀ ਦੇ ਨਾਲ ਸਰਕਾਰੀ ਦਫ਼ਤਰਾਂ ਦੀ ਕਾਰਜ-ਕੁਸ਼ਲਤਾ ਵਿੱਚ ਵਾਧਾ ਹੋਇਆ ਹੈ। ਸੂਚਨਾ ਅਤੇ ਸੰਚਾਰ ਤਕਨੀਕਾਂ ਨੇ ਗਾਹਕਾਂ ਦੇ ਨੇੜੇ ਸੇਵਾ ਕੇਂਦਰਾਂ ਦੀ ਹੋਂਦ ਨੂੰ ਸੰਭਵ ਬਣਾਇਆ ਹੈ। ਅਜਿਹੇ ਕੇਂਦਰ ਸਰਕਾਰੀ ਏਜੰਸੀਆਂ ਵਿੱਚ ਇੱਕ ਆਟੋਮੈਟਿਕ ਕਿਓਸਕ (kiosk) ਦੇ ਰੂਪ ਵਿੱਚ ਜਾਂ ਸਰਕਾਰੀ ਏਜੰਸੀਆਂ ਦੇ ਬਾਹਰ ਗਾਹਕਾਂ ਦੇ ਨੇੜੇ ਇੱਕ ਸੇਵਾ ਕਿਓਸਕ (service kisosk) ਦੇ ਰੂਪ ਵਿੱਚ, ਜਾਂ ਘਰ/ਦਫ਼ਤਰਾਂ ਵਿੱਚ ਇੱਕ ਨਿੱਜੀ ਕੰਪਿਊਟਰ ਦੇ ਰੂਪ ਵਿੱਚ ਵੀ ਸੰਭਵ ਹੋ ਸਕਦੇ ਹਨ।

ਪਬਲਿਕ (ਜਨਤਾ) ਅਕਸਰ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਾਲੀਆਂ ਸੂਚਨਾਵਾਂ ਅਤੇ ਸੇਵਾਵਾਂ ਦੀ ਭਾਲ ਕਰਦੀ ਹੈ। ਸੂਚਨਾਵਾਂ ਅਤੇ ਸੇਵਾਵਾਂ ਦੇ ਮਾਮਲੇ ਵਿੱਚ ਗੁਣਵੱਤਾ ਅਤੇ ਕੁਸ਼ਲਤਾ ਦੋਵੇਂ ਕਾਰਕ ਬਹੁਤ ਮਹੱਤਵਪੂਰਣ ਹੁੰਦੇ ਹਨ। ਇਸ ਲਈ ਈ-ਗਵਰਨੈਂਸ ਦੀ ਸਥਾਪਨਾ ਲਈ ਸਮਾਜ ਦੀਆਂ ਉਹਨਾਂ ਜ਼ਰੂਰਤਾਂ ਸੰਬੰਧੀ ਚੰਗੀ ਜਾਣਕਾਰੀ ਪਤਾ ਹੋਣਾ ਜ਼ਰੂਰੀ ਹੁੰਦਾ ਹੈ ਜੋ ICT ਦੀ ਵਰਤੋਂ ਕਰਕੇ ਪੇਸ਼ ਕੀਤੀਆਂ ਜਾ ਸਕਦੀਆਂ ਹਨ।

## 7.6 ਈ-ਗਵਰਨੈਂਸ ਦੇ ਉਦੇਸ਼ (Objectives of E-Governance) :

ਈ-ਗਵਰਨੈਂਸ ਦਾ ਉਦੇਸ਼ ਸਰਕਾਰਾਂ, ਨਾਗਰਿਕਾਂ ਅਤੇ ਕਾਰੋਬਾਰਾਂ ਲਈ ਗਵਰਨੈਂਸ ਨੂੰ ਸੌਖਾ ਬਣਾਉਣਾ ਹੈ। ਦੂਜੇ ਸ਼ਬਦਾਂ ਵਿੱਚ ਈ-ਗਵਰਨੈਂਸ ਦਾ ਉਦੇਸ਼ ਇਲੈਕਟ੍ਰੌਨਿਕ ਸਾਧਨਾਂ ਦੀ ਵਰਤੋਂ ਕਰਦੇ ਹੋਏ ਚੰਗੀ ਗਵਰਨੈਂਸ ਨੂੰ ਸਪੋਰਟ (Support) ਕਰਨਾ ਅਤੇ ਉਤਸ਼ਾਹਤ ਕਰਨਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਈ-ਗਵਰਨੈਂਸ ਦੇ ਉਦੇਸ਼ ਚੰਗੀ ਗਵਰਨੈਂਸ ਦੇ ਉਦੇਸ਼ਾਂ ਦੇ ਸਮਾਨ ਹਨ।

### ਈ-ਗਵਰਨੈਂਸ ਦੇ ਮੁੱਖ ਉਦੇਸ਼ (Main Objectives of E-Governance):

1. ਜਨਤਾ ਦੀਆਂ ਜ਼ਰੂਰਤਾਂ ਅਤੇ ਉਮੀਦਾਂ ਨੂੰ ਸੰਤੋਸ਼ਜਨਕ ਢੰਗ ਨਾਲ ਪੂਰਾ ਕਰਨ ਲਈ ਉਹਨਾਂ ਨੂੰ ਵੱਖ-ਵੱਖ ਆਨਲਾਈਨ ਸੇਵਾਵਾਂ ਨਾਲ ਜੋੜ ਕੇ ਉਹਨਾਂ ਦੇ ਕੰਮ ਸੌਖਾ ਬਣਾਉਣਾ ਈ-ਗਵਰਨੈਂਸ ਦਾ ਮੁੱਖ ਉਦੇਸ਼ ਹੈ।
2. ਸਰਕਾਰੀ ਪ੍ਰਸ਼ਾਸਨਿਕ ਗਤੀਵਿਧੀਆਂ ਨੂੰ ਤੇਜ਼ੀ ਨਾਲ ਪਾਰਦਰਸ਼ੀ, ਜਵਾਬਦੇਹ, ਕੁਸ਼ਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਰਵਾਉਣ ਦੀ ਸਹੂਲਤ ਪ੍ਰਦਾਨ ਕਰਨਾ ਵੀ ਈ-ਗਵਰਨੈਂਸ ਦਾ ਮੁੱਖ ਉਦੇਸ਼ ਹੈ।

ਈ-ਗਵਰਨੈਂਸ ਇੰਟਰਨੈੱਟ ਉੱਪਰ ਇੱਕ ਸਰਕਾਰੀ ਵੈਬਸਾਈਟ ਤੋਂ ਕਿਤੇ ਵੱਧ ਹੁੰਦੀ ਹੈ। ਈ-ਗਵਰਨੈਂਸ ਵਿੱਚ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਤਕਨੀਕੀ ਪੱਖ ਵੀ ਨਿਰਧਾਰਿਤ ਕੀਤੇ ਜਾਂਦੇ ਹਨ।

## 7.7 ਈ-ਗਵਰਨੈਂਸ ਮਾਡਲਜ਼ (E-Governance Models)

ਈ-ਗਵਰਨੈਂਸ ਸੇਵਾਵਾਂ ਸਰਕਾਰ ਅਤੇ ਨਾਗਰਿਕਾਂ (citizens), ਕਾਰੋਬਾਰੀਆਂ (Businesmen), ਕਰਮਚਾਰੀਆਂ (Employees) ਅਤੇ ਸਰਕਾਰਾਂ (Governments) ਵਿਚਕਾਰ ਸ਼ੇਅਰ ਕੀਤੀਆਂ ਜਾ ਸਕਦੀਆਂ ਹਨ। ਈ-ਗਵਰਨੈਂਸ ਦੇ ਇਹ ਚਾਰੋ ਮਾਡਲ ਇਸ ਪ੍ਰਕਾਰ ਹਨ-

(i) ਸਰਕਾਰ ਤੋਂ ਨਾਗਰਿਕ (Government to Citizens - G2C)

(ii) ਸਰਕਾਰ ਤੋਂ ਵਪਾਰੀ (Government to Businessmen-G2B)

(iii) ਸਰਕਾਰ ਤੋਂ ਕਰਮਚਾਰੀ (Government to Employees-G2E)

(iv) ਸਰਕਾਰ ਤੋਂ ਸਰਕਾਰ (Government to Government) -G2G)




**ਚਿੱਤਰ 7.3 ਈ-ਗਵਰਨੈਂਸ ਮਾਡਲਜ਼**

### 1. ਸਰਕਾਰ ਤੋਂ ਨਾਗਰਿਕ (Government to Citizens (G2C) :

ਈ-ਗਵਰਨੈਂਸ ਦਾ ਇਹ ਮਾਡਲ ਉਹਨਾਂ ਸਰਕਾਰੀ ਸੇਵਾਵਾਂ ਨੂੰ ਦਰਸਾਉਂਦਾ ਹੈ ਜੋ ਨਾਗਰਿਕਾਂ ਦੁਆਰਾ ਵਰਤੀਆਂ ਜਾਂਦੀਆਂ ਹਨ। ਇਸ ਮਾਡਲ ਵਿੱਚ ਨਾਗਰਿਕ ਵੱਖ-ਵੱਖ ਪ੍ਰਕਾਰ ਦੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਸਰਕਾਰੀ ਵੈਬ-ਪੋਰਟਲਾਂ ਉੱਪਰ ਜਾਂਦੇ ਹਨ। ਇਹ ਮਾਡਲ ਸਰਕਾਰ ਅਤੇ ਇਸਦੇ ਨਾਗਰਿਕਾਂ ਦੇ ਵਿੱਚ ਸੰਬੰਧ ਨੂੰ ਮਜ਼ਬੂਤ ਕਰਦਾ ਹੈ। ਇਸ ਮਾਡਲ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਕੁੱਝ ਮੁੱਖ ਸੇਵਾਵਾਂ ਇਸ ਪ੍ਰਕਾਰ ਹਨ-

- ਆਨਲਾਈਨ ਬਿੱਲਾਂ ਦਾ ਭੁਗਤਾਨ ਜਿਵੇਂ ਬਿਜਲੀ, ਪਾਣੀ, ਟੈਲੀਫੋਨ ਬਿੱਲਾਂ ਆਦਿ।
- ਵੱਖੋ ਵੱਖਰੀਆਂ ਸੇਵਾਵਾਂ ਲਈ ਅਰਜ਼ੀਆਂ ਦੀ ਆਨਲਾਈਨ ਰਜਿਸਟ੍ਰੇਸ਼ਨ, ਜਿਵੇਂ ਕਿ ਪਾਸਪੋਰਟ ਰਜਿਸਟ੍ਰੇਸ਼ਨ, ਵੱਖ-ਵੱਖ ਪ੍ਰਕਾਰ ਦੇ ਲਾਇਸੈਂਸਾਂ ਨੂੰ ਬਣਵਾਉਣ ਲਈ ਰਜਿਸਟ੍ਰੇਸ਼ਨ ਆਦਿ।
- ਜ਼ਮੀਨੀ ਰਿਕਾਰਡਾਂ ਦੀਆਂ ਕਾਪੀਆਂ ਪ੍ਰਾਪਤ ਕਰਨਾ।
- ਆਨਲਾਈਨ ਸ਼ਿਕਾਇਤਾਂ ਦਰਜ ਕਰਨਾ।
- ਕਿਸੇ ਵੀ ਕਿਸਮ ਦੀ ਆਨਲਾਈਨ ਜਾਣਕਾਰੀ ਦੀ ਉਪਲੱਬਧਤਾ

### 2. ਸਰਕਾਰ ਤੋਂ ਵਪਾਰੀ (Government to Businessmen (G2B) :

ਇਸ ਮਾਡਲ ਦੇ ਜ਼ਰੀਏ ਪ੍ਰਾਈਵੇਟ ਸੈਕਟਰ ਅਤੇ ਸਰਕਾਰ ਦਰਮਿਆਨ ਰਿਸ਼ਤਾ ਮਜ਼ਬੂਤ ਹੁੰਦਾ ਹੈ। ਇਸਦੀ ਵਰਤੋਂ ਕਾਰੋਬਾਰੀਆਂ ਦੁਆਰਾ ਸਰਕਾਰ ਨਾਲ ਸੰਚਾਰ ਕਰਨ ਲਈ ਕੀਤੀ ਜਾਂਦੀ ਹੈ। ਇਸ ਮਾਡਲ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਮੁੱਖ ਸੇਵਾਵਾਂ ਇਸ ਪ੍ਰਕਾਰ ਹਨ-

1. ਟੈਕਸਾਂ ਦਾ ਸੰਗ੍ਰਹਿ (Collection of taxes)।
2. ਪੇਟੈਂਟਸ (Patents) ਦੀ ਪ੍ਰਵਾਨਗੀ ਜਾਂ ਅਸਵੀਕਾਰ ਕਰਨਾ।
3. ਹਰ ਕਿਸਮ ਦੇ ਬਿੱਲਾਂ ਅਤੇ ਜੁਰਮਾਨਿਆਂ ਦਾ ਭੁਗਤਾਨ।
4. ਹਰ ਤਰ੍ਹਾਂ ਦੀ ਜਾਣਕਾਰੀ, ਨਿਯਮ ਅਤੇ ਡਾਟਾ ਸ਼ੇਅਰ ਕਰਨਾ।
5. ਸ਼ਿਕਾਇਤਾਂ ਜਾਂ ਕਿਸੇ ਕਿਸਮ ਦੀ ਅਸੰਤੁਸ਼ਟੀ ਦਰਜ ਕਰਨਾ।

### 3. ਸਰਕਾਰ ਤੋਂ ਕਰਮਚਾਰੀ (Government to Employees (G2E) :

ਇਹ ਮਾਡਲ ਸਰਕਾਰ ਅਤੇ ਉਸਦੇ ਕਰਮਚਾਰੀਆਂ ਵਿੱਚ ਪਾਰਦਰਸ਼ਤਾ ਵਧਾਉਂਦਾ ਹੈ। ਕਰਮਚਾਰੀ ਸਰਕਾਰ ਦੇ ਕੰਮਕਾਜ ਦੀ ਜਾਂਚ ਕਰ ਸਕਦੇ ਹਨ ਜਾਂ ਇਸਦੇ ਉਲਟ ਸਰਕਾਰ ਕਰਮਚਾਰੀਆਂ ਦੇ ਕੰਮ-ਕਾਜ ਦੀ ਜਾਂਚ ਕਰ ਸਕਦੀ ਹੈ। ਇਸ ਮਾਡਲ ਦੁਆਰਾ ਹੇਠਾਂ ਦਿੱਤੀ ਜਾਣਕਾਰੀ ਸਾਂਝੀ ਕੀਤੀ ਜਾ ਸਕਦੀ ਹੈ।

- ਵੱਖ-ਵੱਖ ਸਰਕਾਰੀ ਦਫ਼ਤਰਾਂ ਤੋਂ ਹਰ ਪ੍ਰਕਾਰ ਦਾ ਡਾਟਾ ਜਮ੍ਹਾਂ ਕਰਵਾਉਣਾ (ਹਾਜ਼ਰੀ ਰਿਕਾਰਡ, ਕਰਮਚਾਰੀ ਰਿਕਾਰਡ ਆਦਿ)।

- ਕਰਮਚਾਰੀ ਹਰ ਤਰ੍ਹਾਂ ਦੀਆਂ ਸ਼ਿਕਾਇਤਾਂ ਅਤੇ ਅਸਤੁੰਸ਼ਟੀ ਦਰਜ ਕਰ ਸਕਦੇ ਹਨ।
- ਕਰਮਚਾਰੀ ਕਿਸੇ ਵੀ ਤਰ੍ਹਾਂ ਦੇ ਨਿਯਮਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।
- ਕਰਮਚਾਰੀ ਆਪਣੀ ਪੇਮੈਂਟ (payment) ਅਤੇ ਕੰਮਾਂ ਸੰਬੰਧੀ ਰਿਕਾਰਡਾਂ ਦੀ ਜਾਂਚ ਕਰ ਸਕਦੇ ਹਨ।
- ਕਰਮਚਾਰੀ ਹਰ ਤਰ੍ਹਾਂ ਦੀਆਂ ਅਰਜ਼ੀਆਂ ਆਨਲਾਈਨ ਭੇਜ ਸਕਦੇ ਹਨ।

### 4. ਸਰਕਾਰ ਤੋਂ ਸਰਕਾਰ (Government to Government (G2G) :

ਇਹ ਮਾਡਲ ਉਨ੍ਹਾਂ ਸੇਵਾਵਾਂ ਨੂੰ ਦਰਸਾਉਂਦਾ ਹੈ ਜੋ ਸਰਕਾਰਾਂ ਵਿਚਕਾਰ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਵੱਖ-ਵੱਖ ਸਰਕਾਰੀ ਏਜੰਸੀਆਂ, ਵਿਭਾਗ ਅਤੇ ਸੰਗਠਨ ਇਸ ਮਾਡਲ ਦੀ ਵਰਤੋਂ ਨਾਲ ਵੱਖ-ਵੱਖ ਕਿਸਮਾਂ ਦੀ ਜਾਣਕਾਰੀ ਆਪਸ ਵਿੱਚ ਸਾਂਝੀ ਕਰ ਸਕਦੇ ਹਨ। ਇਸ ਕਿਸਮ ਦੀਆਂ ਕੁੱਝ ਮੂਲ ਸੇਵਾਵਾਂ ਇਸ ਪ੍ਰਕਾਰ ਹਨ-

1. ਵੱਖ-ਵੱਖ ਰਾਜਾਂ ਦੇ ਪੁਲਿਸ ਵਿਭਾਗਾਂ ਵਿਚਕਾਰ ਜਾਣਕਾਰੀ ਸਾਂਝੀ ਕਰਨਾ।
2. ਸਾਰੇ ਸਰਕਾਰੀ ਡਾਕੂਮੈਂਟਸ ਦੀ ਤਿਆਰੀ, ਪ੍ਰਵਾਨਗੀ, ਵੰਡ ਅਤੇ ਸਟੋਰੇਜ਼ ਸਮੇਤ ਸਰਕਾਰੀ ਡਾਕੂਮੈਂਟਸ ਦਾ ਆਦਾਨ-ਪ੍ਰਦਾਨ ਵੀ ਈ-ਗਵਰਨੈਂਸ ਰਾਹੀਂ ਕੀਤਾ ਜਾਂਦਾ ਹੈ।
3. ਵਿੱਤ (finance) ਅਤੇ ਬਜਟ ਨਾਲ ਜੁੜੀਆਂ ਜ਼ਿਆਦਾਤਰ ਗਤੀਵਿਧੀਆਂ ਵੀ ਈ-ਗਵਰਨੈਂਸ ਦੇ ਇਸ ਮਾਡਲ ਦੁਆਰਾ ਹੀ ਕੀਤੀਆਂ ਜਾਂਦੀਆਂ ਹਨ।

## 7.8 ਈ-ਗਵਰਨੈਂਸ ਸੇਵਾਵਾਂ (E-Governance Services) :

ਅੱਜ ਦੇ ਸਮੇਂ ਈ-ਗਵਰਨੈਂਸ ਦਾ ਖੇਤਰ ਬਹੁਤ ਵਿਸ਼ਾਲ ਬਣ ਚੁੱਕਿਆ ਹੈ। ਕੇਂਦਰ, ਰਾਜ ਅਤੇ ਲੋਕਲ ਸਰਕਾਰਾਂ ਦੁਆਰਾ ਵੱਖ-ਵੱਖ ਖੇਤਰਾਂ ਲਈ ਈ-ਗਵਰਨੈਂਸ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸ਼ਹਿਰੀ ਖੇਤਰਾਂ ਤੋਂ ਲੈ ਕੇ ਪੇਂਡੂ ਖੇਤਰਾਂ ਤੱਕ, ਈ-ਗਵਰਨੈਂਸ ਦੀਆਂ ਜੜ੍ਹਾਂ ਹਰ ਜਗ੍ਹਾ ਫੈਲ ਚੁੱਕੀਆਂ ਹਨ। ਭਾਵੇਂ ਜਨਤਕ ਹੋਵੇ ਜਾਂ ਨਿੱਜੀ ਖੇਤਰ, ਆਮ ਆਦਮੀ ਹੋਵੇ ਜਾਂ ਵਪਾਰੀ, ਸਾਰੇ ਹੀ ਈ-ਗਵਰਨੈਂਸ ਸੇਵਾਵਾਂ 'ਤੇ ਬਹੁਤ ਜ਼ਿਆਦਾ ਨਿਰਭਰ ਹਨ। ਆਓ ਉਹਨਾਂ ਵੱਖ-ਵੱਖ ਖੇਤਰਾਂ ਬਾਰੇ ਜਾਣਕਾਰੀ ਹਾਸਿਲ ਕਰੀਏ ਜਿੱਥੇ ਈ-ਗਵਰਨੈਂਸ ਦੀ ਵਿਆਪਕ ਵਰਤੋਂ ਕੀਤੀ ਜਾਂਦੀ ਹੈ-

### 7.8.1 ਨੈਸ਼ਨਲ ਲੇਵਲ ਤੇ ਈ-ਗਵਰਨੈਂਸ ਸੇਵਾਵਾਂ (E-Governance Services at National Level) :

ਨੈਸ਼ਨਲ ਲੇਵਲ (ਰਾਸ਼ਟਰੀ ਪੱਧਰ) 'ਤੇ ਈ-ਗਵਰਨੈਂਸ ਸੇਵਾਵਾਂ ਭਾਰਤ ਦੀ ਕੇਂਦਰੀ ਸਰਕਾਰ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਭਾਰਤ ਵਰਗੀ ਤੇਜ਼ੀ ਨਾਲ ਵੱਧ ਰਹੀ ਅਤੇ ਮੰਗ ਵਾਲੀ ਅਰਥਵਿਵਸਥਾ (fast-growing and demanding economy) ਵਿੱਚ ਈ-ਗਵਰਨੈਂਸ ਦੀ ਵਰਤੋਂ ਬਹੁਤ ਜ਼ਰੂਰੀ ਹੋ ਗਈ ਹੈ। ਡਿਜੀਟਲਾਈਜੇਸ਼ਨ ਦੇ ਤੇਜ਼ੀ ਨਾਲ ਵਿਕਾਸ ਨੇ ਟੈਕਨੋਲੋਜੀ ਨੂੰ ਸਰਕਾਰੀ ਪ੍ਰਕਿਰਿਆਵਾਂ ਵਿੱਚ ਸ਼ਾਮਿਲ ਕੀਤਾ ਹੈ। ਰਾਸ਼ਟਰੀ ਪੱਧਰ 'ਤੇ ਕੁੱਝ ਮਹੱਤਵਪੂਰਣ ਈ-ਗਵਰਨੈਂਸ ਸੇਵਾਵਾਂ ਇਸ ਪ੍ਰਕਾਰ ਹਨ-

- ਬੈਂਕਿੰਗ ਸੇਵਾਵਾਂ
- ਆਧਾਰ (Aadhar) ਸੇਵਾਵਾਂ
- ਪਾਸਪੋਰਟ ਸੇਵਾਵਾਂ
- ਇਮੀਗ੍ਰੇਸ਼ਨ (Immigration) ਅਤੇ ਵੀਜ਼ਾ (Visa) ਸੇਵਾਵਾਂ
- ਇਨਕਮ ਟੈਕਸ ਰਿਟਰਨ ਭਰਨਾ
- ਕਈ ਤਰ੍ਹਾਂ ਦੇ ਟੈਕਸਾਂ ਦਾ ਭੁਗਤਾਨ ਕਰਨਾ
- ਕੇਂਦਰੀ ਆਬਕਾਰੀ ਅਤੇ ਕਸਟਮ (Excise and Custom) ਸੇਵਾਵਾਂ
- ਡਿਜੀਟਲ ਲੈਂਡ ਮੈਨੇਜਮੈਂਟ ਸਿਸਟਮ
- ਵੋਟਰ ਕਾਰਡ ਸੇਵਾਵਾਂ
- ਪੈਨ ਕਾਰਡ ਸੇਵਾਵਾਂ

- ਡਿਜੀਟਲ ਇੰਡੀਆ ਪਹਿਲ
- ਭਾਰਤ ਦਾ ਰਾਸ਼ਟਰੀ ਪਹਿਲ
- ਨੈਸ਼ਨਲ ਟੈਸਟਿੰਗ ਏਜੰਸੀ (NTA) ਦੁਆਰਾ ਕਈ ਪ੍ਰਕਾਰ ਦੀਆਂ ਆਨਲਾਈਨ ਪ੍ਰਵੇਸ਼ ਪ੍ਰੀਖਿਆਵਾਂ ਦਾ ਆਯੋਜਨ ਕਰਨਾ

**ਰਾਸ਼ਟਰੀ ਲੇਵਲ 'ਤੇ ਵੱਖ-ਵੱਖ ਪ੍ਰੋਜੈਕਟ (Various projects at National Level) :**

1. IRCTC (ਇੰਡੀਅਨ ਰੇਲਵੇ ਕੇਟਰਿੰਗ ਐਂਡ ਟੂਰਿਜ਼ਮ ਕੋਰਪੋਰੇਸ਼ਨ (ਲਿਮਿਟੇਡ) ਆਨਲਾਈਨ ਰੇਲ ਟਿਕਟ ਬੁਕਿੰਗ, ਅਤੇ ਟਿਕਟ ਰਿਜ਼ਰਵੇਸ਼ਨ ਸੰਬੰਧੀ ਸਟੇਟ ਦੀ ਜਾਂਚ ਕਰਦੀ ਹੈ।
2. ਈ-ਪ੍ਰਮਾਣ (e-Pramaan) ਇੱਕ ਰਾਸ਼ਟਰੀ ਈ-ਪ੍ਰਮਾਣੀਕਰਣ (e-Authentication) ਸੇਵਾ ਹੈ। ਇਹ ਯੂਜ਼ਰਜ਼ ਨੂੰ ਇੰਟਰਨੈੱਟ/ਮੋਬਾਇਲ ਦੀ ਵਰਤੋਂ ਕਰਦੇ ਹੋਏ ਸਰਕਾਰੀ ਸੇਵਾਵਾਂ ਤੱਕ ਪਹੁੰਚਣ ਦਾ ਇੱਕ ਸਰਲ, ਸੁਵਿਧਾਜਨਕ ਅਤੇ ਸੁਰੱਖਿਅਤ ਤਰੀਕਾ ਪ੍ਰਦਾਨ ਕਰਦੀ ਹੈ, ਇਸ ਤੋਂ ਇਲਾਵਾ ਸਰਕਾਰ ਦੁਆਰਾ ਵੀ ਯੂਜ਼ਰਜ਼ ਦੀ ਪ੍ਰਮਾਣਿਕਤਾ (authenticity) ਦਾ ਮੁਲਾਂਕਣ ਕਰਨ ਲਈ ਇਸਦੀ ਵਰਤੋਂ ਕੀਤੀ ਜਾਂਦੀ ਹੈ।
3. UMANG (ਯੂਨੀਫਾਈਡ ਮੋਬਾਇਲ ਐਪਲੀਕੇਸ਼ਨ ਫਾਰ ਨਿਊ-ਏਜ਼ ਗਵਰਨੈਂਸ) ਇੱਕ ਸਾਂਝਾ, ਏਕੀਕ੍ਰਿਤ ਪਲੇਟਫਾਰਮ ਹੈ, ਜੋ ਮੁੱਖ ਸਰਕਾਰੀ ਸੇਵਾਵਾਂ (ਕੇਂਦਰ ਰਾਜਾਂ, ਸਥਾਨਕ ਸੰਸਥਾਵਾਂ) ਨੂੰ ਇਕੱਠਾ ਕਰਦਾ ਹੈ, ਜਿਸ ਵਿੱਚ ਬਹੁਤ ਸਾਰੀਆਂ ਮਹੱਤਵਪੂਰਣ ਉਪਯੋਗਤਾ ਸੇਵਾਵਾਂ (utility services) ਦੀ ਵਰਤੋਂ ਮੋਬਾਇਲ ਐਪ ਨਾਲ ਕਿਸੇ ਵੀ ਸਮੇਂ, ਕਿਤੇ ਵੀ ਰਹਿ ਕੇ ਕੀਤੀ ਜਾ ਸਕਦੀ ਹੈ।
4. ਡਿਜੀਲੌਕਰ (Digilocker) ਡਿਜੀਟਲ ਇੰਡੀਆ ਪ੍ਰੋਗਰਾਮ ਦੇ ਅਧੀਨ ਇਲੈਕਟ੍ਰੌਨਿਕਸ ਅਤੇ IT ਮੰਤਰਾਲੇ (Ministry of Electronics & IT-Meity) ਦੀ ਇੱਕ ਪਹਿਲ ਹੈ। ਡਿਜੀਲੌਕਰ ਡਿਜੀਟਲ ਤਰੀਕੇ ਨਾਲ ਦਸਤਾਵੇਜ਼ਾਂ ਅਤੇ ਸਰਟੀਫਿਕੇਟਾਂ ਨੂੰ ਜਾਰੀ ਕਰਨ ਅਤੇ ਤਸਦੀਕ ਕਰਨ ਲਈ ਇੱਕ ਪਲੇਟਫਾਰਮ ਹੈ ਤਾਂ ਕਿ ਕਾਗਜ਼ ਰਹਿਤ ਸ਼ਾਸਨ ਨੂੰ ਲਾਗੂ ਕੀਤਾ ਜਾ ਸਕੇ ਅਤੇ ਭੌਤਿਕ ਦਸਤਾਵੇਜ਼ਾਂ ਦੀ ਵਰਤੋਂ ਨੂੰ ਖ਼ਤਮ ਕੀਤਾ ਜਾ ਸਕੇ।

**7.8.2 ਸਟੇਟ ਲੇਵਲ ਤੇ ਈ-ਗਵਰਨੈਂਸ ਸੇਵਾਵਾਂ (E-Governance Services at State Level) :**

ਸਟੇਟ ਲੇਵਲ (ਰਾਜ ਪੱਧਰ) 'ਤੇ ਈ-ਗਵਰਨੈਂਸ ਸੇਵਾਵਾਂ ਰਾਜ ਸਰਕਾਰਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਪੰਜਾਬ ਵਿੱਚ ਈ-ਗਵਰਨੈਂਸ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਨੇ "ਪੰਜਾਬ ਸਟੇਟ ਈ-ਗਵਰਨੈਂਸ ਸੁਸਾਇਟੀ" (PSEGS) ਨਾਮ ਦੀ ਇੱਕ ਸੁਸਾਇਟੀ ਸਥਾਪਤ ਕੀਤੀ ਹੈ ਤਾਂ ਜੋ ਨਾਗਰਿਕਾਂ ਨੂੰ ਸਮੁੱਚੇ ਲਾਭ ਪ੍ਰਾਪਤ ਹੋ ਸਕਣ। ਇਸਦਾ ਮੁੱਢਲਾ ਉਦੇਸ਼ ਲੋੜੀਂਦੇ ਪ੍ਰਬੰਧਕੀ, ਵਿੱਤੀ, ਕਾਨੂੰਨੀ ਅਤੇ ਤਕਨੀਕੀ ਢਾਂਚੇ ਨੂੰ ਈ-ਗਵਰਨੈਂਸ ਦੀ ਵਰਤੋਂ ਕਰਦੇ ਹੋਏ ਪੰਜਾਬ ਰਾਜ ਵਿੱਚ ਲਾਗੂ ਕਰਨਾ ਹੈ। ਸਟੇਟ ਲੇਵਲ 'ਤੇ ਕੁੱਝ ਮੁੱਖ ਈ-ਗਵਰਨੈਂਸ ਸੇਵਾਵਾਂ ਇਸ ਪ੍ਰਕਾਰ ਹਨ-

1. ਈ-ਜ਼ਿਲ੍ਹਾ (e-District) ਸੇਵਾਵਾਂ ਵਿੱਚ ਲਾਇਸੈਂਸ, ਸ਼ਿਕਾਇਤਾਂ, ਬਿਜਲੀ ਅਤੇ ਪਾਣੀ ਦੇ ਬਿੱਲ ਦਾ ਭੁਗਤਾਨ ਕਰਨਾ, ਜਨਮ/ਮੌਤ/ਜਾਤੀ/ਆਮਦਨੀ ਸਰਟੀਫਿਕੇਟ ਬਣਵਾਉਣਾ ਆਦਿ ਸੇਵਾਵਾਂ ਸ਼ਾਮਲ ਹਨ।
2. ਖੇਤੀਬਾੜੀ ਸੇਵਾਵਾਂ ਵਿੱਚ ਮਿਆਰੀ ਕੀਟਨਾਸ਼ਕਾਂ (quality pesticides), ਬੀਜਾਂ, ਮਿੱਟੀ ਦੀ ਸਿਹਤ, ਮਾਰਕਿਟ ਕੀਮਤਾਂ ਆਦਿ ਬਾਰੇ ਜਾਣਕਾਰੀ ਪ੍ਰਦਾਨ ਕਰਨਾ।
3. ਵਪਾਰਕ ਟੈਕਸ ਸੇਵਾਵਾਂ ਵਿੱਚ ਵਿਕਰੀ ਟੈਕਸ, ਵਿਕਾਸ ਟੈਕਸ ਆਦਿ ਸੇਵਾਵਾਂ ਸ਼ਾਮਲ ਹਨ।
4. CCTNS : ਪੁਲਿਸ-ਲੋਕਾਂ ਵਿੱਚ ਵੱਖ-ਵੱਖ ਕਾਨੂੰਨਾਂ ਪ੍ਰਤੀ ਜਾਗਰੂਕਤਾ ਵਧਾਉਣ ਵਿੱਚ ਪੁਲਿਸ ਵਿਭਾਗ ਦੀ ਇੱਕ ਪਹਿਲ ਹੈ।
5. ਲੈਂਡ ਰਿਕਾਰਡ ਸੇਵਾਵਾਂ ਵਿੱਚ ਈ-ਰਜਿਸਟਰੀਆਂ, ਈ-ਫਰਦ, ਈ-ਸਟੈਪਿੰਗ ਆਦਿ ਸੇਵਾਵਾਂ ਸ਼ਾਮਿਲ ਹਨ।

6. ਸੜਕ ਆਵਾਜਾਈ ਸੇਵਾ ਰਾਜ ਮਾਰਗ ਪ੍ਰੋਜੈਕਟਾਂ ਦੇ ਪ੍ਰਬੰਧਨ ਨਾਲ ਸੰਬੰਧਤ ਹੈ।
7. ਰੁਜ਼ਗਾਰ ਐਕਸਚੇਂਜ ਸੇਵਾ ਵਿੱਚ ਰੁਜ਼ਗਾਰ ਦਾਤਾਵਾਂ ਅਤੇ ਬੇਰੁਜ਼ਗਾਰ ਉਮੀਦਵਾਰਾਂ ਦੋਵਾਂ ਲਈ ਰੁਜ਼ਗਾਰ ਸਹਾਇਤਾ ਸ਼ਾਮਿਲ ਹੈ।

**ਸਟੇਟ ਲੇਵਲ 'ਤੇ ਵੱਖ-ਵੱਖ ਪ੍ਰੋਜੈਕਟ (Various projects at State Level) :**

1. HRTC (ਹਿਮਾਚਲ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਪ੍ਰੋਜੈਕਟ) ਆਨਲਾਈਨ ਬੁਕਿੰਗ, ਸੀਟਾਂ ਨੂੰ ਰੱਦ ਕਰਨ, ਬੱਸਾਂ ਦੀ ਰਵਾਨਗੀ, ਸੀਟਾਂ ਅਤੇ ਬੱਸਾਂ ਦੀ ਉਪਲੱਬਧਤਾ ਆਦਿ ਬਾਰੇ ਪੁੱਛਗਿੱਛ ਲਈ ਹੈ।
2. ਚੰਡੀਗੜ੍ਹ ਸਰਕਾਰ ਦੁਆਰਾ ਸ਼ੁਰੂ ਕੀਤਾ ਗਿਆ SAMPARK ਪ੍ਰੋਜੈਕਟ
3. ਉੱਤਰ ਪ੍ਰਦੇਸ਼ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਈ-ਸੁਵਿਧਾ (E-Suvidha)
4. ਆਂਧਰਾ ਪ੍ਰਦੇਸ਼ ਦੁਆਰਾ ਸ਼ੁਰੂ ਕੀਤੀ ਗਈ ਈ-ਸੇਵਾ (E-Seva)
5. ਰਾਜਸਥਾਨ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਈ-ਮਿੱਤਰਾ (E-Mitra) ਸੇਵਾ।

### 7.8.3 ਲੋਕਲ ਲੇਵਲ ਤੇ ਈ-ਗਵਰਨੈਂਸ ਸੇਵਾਵਾਂ (E-Governance Services at Local Level) :

ਸਥਾਨਕ ਸਰਕਾਰਾਂ ਦੁਆਰਾ ਲੋਕਲ ਪੱਧਰ 'ਤੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਈ-ਗਵਰਨੈਂਸ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਸ਼ਹਿਰੀ ਖੇਤਰਾਂ ਵਿੱਚ ਇਹ ਸੇਵਾਵਾਂ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਦੋਂ ਕਿ ਪੇਂਡੂ ਖੇਤਰਾਂ ਵਿੱਚ ਇਹ ਸੇਵਾਵਾਂ ਪੰਚਾਇਤਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਇਹ ਸਾਰੀਆਂ ਸੇਵਾਵਾਂ ਰਾਜ ਅਤੇ ਕੇਂਦਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੰਟਰੋਲ ਕੀਤੀਆਂ ਜਾਂਦੀਆਂ ਹਨ। ਲੋਕਲ ਪੱਧਰ 'ਤੇ ਉਪਲੱਬਧ ਕੁੱਝ ਮੁੱਖ-ਈ ਗਵਰਨੈਂਸ ਸੇਵਾਵਾਂ ਇਸ ਪ੍ਰਕਾਰ ਹਨ-

#### 7.8.3.1 ਸ਼ਹਿਰੀ ਖੇਤਰਾਂ ਵਿੱਚ ਈ-ਗਵਰਨੈਂਸ ਸੇਵਾਵਾਂ (E-Governance Services in Urban Areas) :

1. ਹਾਊਸ ਟੈਕਸ ਦਾ ਮੁਲਾਂਕਣ (Assessment) ਕਰਨ, ਬਿਲਿੰਗ ਕਰਨ ਅਤੇ ਟੈਕਸ ਇਕੱਠਾ ਕਰਨ ਲਈ।
2. ਜ਼ਮੀਨ ਅਤੇ ਜਾਇਦਾਦ ਦਾ ਰਿਕਾਰਡ ਰੱਖਣਾ, ਜ਼ਮੀਨ ਵੇਚਣ ਦੀ ਇਜਾਜ਼ਤ, ਕਾਨੂੰਨੀ ਵਾਰਸ ਸਰਟੀਫਿਕੇਟ ਵਰਗੇ ਸਰਟੀਫਿਕੇਟ ਪ੍ਰਦਾਨ ਕਰਨ ਲਈ
3. ਪਾਸਪੋਰਟ ਵੈਰੀਫਿਕੇਸ਼ਨ ਸਰਟੀਫਿਕੇਟ ਜਾਰੀ ਕਰਨ ਲਈ
4. ਜਨਮ ਅਤੇ ਮੌਤ ਸਰਟੀਫਿਕੇਟ ਜਾਰੀ ਕਰਨ ਲਈ
5. ਸੰਪਤੀਆਂ (Properties) ਦੀ ਰਜਿਸਟ੍ਰੇਸ਼ਨ ਕਰਨ ਲਈ, ਜਿਵੇਂ ਕਿ-ਸਬ-ਰਜਿਸਟਰਾਰ ਦਫ਼ਤਰ ਵਿਖੇ ਡਾਕੂਮੈਂਟ ਰਜਿਸਟਰੇਸ਼ਨ ਦੇ ਕੰਮ ਨੂੰ ਕੰਪਿਊਟਰਾਈਜ਼ਡ ਕਰਨਾ
6. ਵੱਖ-ਵੱਖ ਸੇਵਾਵਾਂ ਪ੍ਰਦਾਨ ਕਰਨ ਲਈ-ਜਿਵੇਂ ਕਿ ਸਰਟੀਫਿਕੇਟ ਜਾਰੀ ਕਰਨਾ, ਸਮਾਜਿਕ ਸੁਰੱਖਿਆ ਯੋਜਨਾਵਾਂ ਜਿਵੇਂ ਕਿ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਸੁਤੰਤਰਤਾ ਸੈਨਾਨੀ ਪੈਨਸ਼ਨ ਆਦਿ ਸੰਬੰਧੀ
7. ਸਾਈਟ ਯੋਜਨਾਵਾਂ ਲਈ ਸਮੀਖਿਆ (Review) ਅਤੇ ਪ੍ਰਵਾਨਗੀ (approval) ਅਥਾਰਟੀ ਕੰਮਾਂ ਲਈ

**ਇਸ ਖੇਤਰ ਦੇ ਪ੍ਰੋਜੈਕਟ (Various projects in this area are) :**

1. ਅਸਾਮ ਸਰਕਾਰ ਦੁਆਰਾ SDO Suite.

#### 7.8.3.2 ਪੇਂਡੂ ਖੇਤਰਾਂ ਵਿੱਚ ਈ-ਗਵਰਨੈਂਸ ਸੇਵਾਵਾਂ (E-Governance Services in Rural Areas) :

1. ਸਮਾਜ ਦੇ ਗਰੀਬ ਅਤੇ ਲੋੜਵੰਦ ਵਰਗ ਲਈ ਵੱਖ-ਵੱਖ ਭਲਾਈ ਸਕੀਮਾਂ ਚਲਾਉਣਾ
2. ਪੇਂਡੂ ਸਮਾਜ ਦੇ ਸਭ ਤੋਂ ਗਰੀਬ ਵਰਗ ਦੇ ਲੋੜਵੰਦਾਂ ਨੂੰ ਤਨਖਾਹ ਵਾਲਾ ਰੁਜ਼ਗਾਰ ਮੁਹੱਈਆ ਕਰਵਾਉਣਾ
3. ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਸੰਬੰਧੀ

**ਇਸ ਖੇਤਰ ਵਿੱਚ ਵੱਖ-ਵੱਖ ਪ੍ਰੋਜੈਕਟ ਹਨ (Various projects in this area are) :**

1. ਗੁਜਰਾਤ ਦੁਆਰਾ ਈ-ਗ੍ਰਾਮਵਿਸਵਾ (E-GramViswa) ਗ੍ਰਾਮ ਪ੍ਰੋਜੈਕਟ
2. ਪੇਂਡੂ ਡਿਜੀਟਲ ਸੇਵਾਵਾਂ

## ਯਾਦ ਰੱਖਣ ਯੋਗ ਗੱਲਾਂ

1. "ਗਵਰਨੈਂਸ (ਸ਼ਾਸਨ)" ਦਾ ਅਰਥ ਹੈ ਫੈਸਲੇ ਲੈਣਾ ਅਤੇ ਉਹਨਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ।
2. ਇੱਕ ਚੰਗੀ ਗਵਰਨੈਂਸ ਵਧੀਆ ਤਰੀਕੇ ਨਾਲ ਫੈਸਲੇ ਲੈਣ ਅਤੇ ਲਾਗੂ ਕਰਨ ਦੀ ਪ੍ਰਕਿਰਿਆ ਹੈ। ਚੰਗੀ ਗਵਰਨੈਂਸ 'ਸਹੀ' ਫੈਸਲੇ ਲੈਣ ਨਾਲ ਹੀ ਸੰਬੰਧਿਤ ਨਹੀਂ ਹੁੰਦੀ, ਬਲਕਿ ਇਹ ਉਨ੍ਹਾਂ ਫੈਸਲਿਆਂ ਨੂੰ ਲੈਣ ਅਤੇ ਲਾਗੂ ਕਰਨ ਦੇ ਸਭ ਤੋਂ ਵਧੀਆ ਪ੍ਰੋਸੈਸ ਨਾਲ ਸੰਬੰਧਿਤ ਹੁੰਦੀ ਹੈ।
3. ਈ-ਗਵਰਨੈਂਸ ਦਾ ਅਰਥ ਹੈ ਇਲੈਕਟ੍ਰੋਨਿਕ ਗਵਰਨੈਂਸ। ਆਮ ਤੌਰ ਤੇ ਜਦੋਂ ਗਵਰਨੈਂਸ ਦੇ ਕੰਮਾਂ ਲਈ ਸੂਚਨਾ ਟੈਕਨੋਲੋਜੀ (IT) ਅਤੇ ਸੰਚਾਰ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਉਸਨੂੰ ਈ-ਗਵਰਨੈਂਸ ਕਿਹਾ ਜਾਂਦਾ ਹੈ।
4. ਈ-ਗਵਰਨੈਂਸ ਦੇ ਚਾਰ ਥੰਮ੍ਹ ਹਨ-ਸੰਪਰਕ (Connectivity), ਗਿਆਨ (Knowledge), ਡਾਟਾ-ਕੰਟੈਂਟ (Data Contents) ਅਤੇ ਪੂੰਜੀ (Capital)
5. ਗਵਰਨੈਂਸ ਇੱਕ-ਤਰਫਾ ਸੰਚਾਰ ਪ੍ਰੋਟੋਕੋਲ (One-Way Communication) ਦੀ ਵਰਤੋਂ ਕਰਦਾ ਹੈ। ਈ-ਗਵਰਨੈਂਸ ਦੋ-ਤਰਫਾ ਸੰਚਾਰ ਪ੍ਰੋਟੋਕੋਲ (Two-Way-Communication) ਦੀ ਵਰਤੋਂ ਕਰਦਾ ਹੈ।
6. ਈ-ਗਵਰਨੈਂਸ ਸੇਵਾਵਾਂ ਸਰਕਾਰ ਅਤੇ ਨਾਗਰਿਕਾਂ (Citizens), ਕਾਰੋਬਾਰੀਆਂ (Businessmen), ਕਰਮਚਾਰੀਆਂ (Employees) ਅਤੇ ਸਰਕਾਰਾਂ (Governments) ਵਿਚਕਾਰ ਸ਼ੇਅਰ ਕੀਤੀਆਂ ਜਾ ਸਕਦੀਆਂ ਹਨ।
7. ਈ-ਗਵਰਨੈਂਸ ਦਾ G2C ਮਾਡਲ ਉਹਨਾਂ ਸਰਕਾਰੀ ਸੇਵਾਵਾਂ ਨੂੰ ਦਰਸਾਉਂਦਾ ਹੈ ਜੋ ਨਾਗਰਿਕਾਂ ਦੁਆਰਾ ਵਰਤੀਆਂ ਜਾਂਦੀਆਂ ਹਨ।
8. G2B ਦੀ ਵਰਤੋਂ ਕਾਰੋਬਾਰੀਆਂ ਦੁਆਰਾ ਸਰਕਾਰ ਨਾਲ ਸੰਚਾਰ ਕਰਨ ਲਈ ਕੀਤੀ ਜਾਂਦੀ ਹੈ।
9. G2E ਮਾਡਲ ਸਰਕਾਰ ਅਤੇ ਉਸਦੇ ਕਰਮਚਾਰੀਆਂ ਵਿੱਚ ਪਾਰਦਰਸ਼ਤਾ ਵਧਾਉਂਦਾ ਹੈ।
10. G2G ਮਾਡਲ ਉਨ੍ਹਾਂ ਸੇਵਾਵਾਂ ਨੂੰ ਦਰਸਾਉਂਦਾ ਹੈ ਜੋ ਸਰਕਾਰਾਂ ਵਿਚਕਾਰ ਸਾਂਝੀਆਂ ਕੀਤੀਆਂ ਜਾਂਦੀਆਂ ਹਨ।
11. ਰਾਸ਼ਟਰੀ ਪੱਧਰ 'ਤੇ ਈ-ਗਵਰਨੈਂਸ ਸੇਵਾਵਾਂ ਭਾਰਤ ਦੀ ਕੇਂਦਰੀ ਸਰਕਾਰ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ।
12. ਰਾਜ ਪੱਧਰ 'ਤੇ ਈ-ਗਵਰਨੈਂਸ ਸੇਵਾਵਾਂ ਰਾਜ ਸਰਕਾਰਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ।
13. ਸਥਾਨਕ ਸਰਕਾਰਾਂ ਦੁਆਰਾ ਲੋਕਲ ਪੱਧਰ 'ਤੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਈ-ਗਵਰਨੈਂਸ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ।



# ਅਭਿਆਸ

**ਪ੍ਰਸ਼ਨ 1. ਬਹੁਪਸੰਦੀ ਪ੍ਰਸ਼ਨ**

**(i) ਹੇਠ ਲਿਖਿਆਂ ਵਿਚੋਂ ਕਿਹੜਾ ਈ-ਗਵਰਨੈਂਸ ਦਾ ਲੇਵਲ ਹੈ ?**

(ੳ) ਰਾਸ਼ਟਰੀ ਲੇਵਲ (National Level) (ਅ) ਸਟੇਟ ਲੇਵਲ (State Level)

(ੲ) ਲੋਕਲ ਲੇਵਲ (Local Level) (ੲ) ਉਪਰੋਕਤ ਸਾਰੇ (All of the above)

**(ii) ਹੇਠ ਲਿਖਿਆਂ ਵਿਚੋਂ ਕਿਹੜਾ ਈ-ਗਵਰਨੈਂਸ ਦਾ ਥੰਮ੍ਹ (pillar) ਨਹੀਂ ਹੈ ?**

(ੳ) ਪੂੰਜੀ (Capital (ਅ) ਗਿਆਨ (Knowledge)

(ੲ) ਕੰਮ ਵਿੱਚ ਦੇਰੀ (Delay in Work) (ਸ) ਸੰਪਰਕ (Connectivity)

**(iii) ਈ-ਗਵਰਨੈਂਸ ਸੇਵਾਵਾਂ ਸਰਕਾਰ ਅਤੇ ........ ਵਿਚਕਾਰ ਸਾਂਝੀਆਂ ਕੀਤੀਆਂ ਜਾਂਦੀਆਂ ਹਨ।**

(ੳ) ਨਾਗਰਿਕ (Citizens) (ਅ) ਸਰਕਾਰ (Government)

(ੲ) ਵਪਾਰੀ (Businessmen) (ਸ ) ਇਹ ਸਾਰੇ (All of these)

**(iv) ਈ-ਗਵਰਨੈਂਸ ਦਾ ............ ਮਾਡਲ ਸਰਕਾਰ ਦੁਆਰਾ ਪ੍ਰਦਾਨ ਕੀਤੀਆਂ ਉਹਨਾਂ ਸੇਵਾਵਾਂ ਨੂੰ ਦਰਸਾਉਂਦਾ ਹੈ ਜੋ ਨਾਗਰਿਕਾਂ ਦੁਆਰਾ ਸਾਂਝੀਆਂ ਕੀਤੀਆਂ ਜਾਂਦੀਆਂ ਹਨ।**

(ੳ) G2B (ਅ) G2E

(ੲ) G2G (ਸ) G2C

**(v) ਰਾਸ਼ਟਰੀ ਲੇਵਲ ਦੀਆਂ ਈ-ਗਵਰਨੈਂਸ ਸੇਵਾਵਾਂ ......... ਸਰਕਾਰ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ।**

(ੳ) ਲੋਕਲ (Local) (ਅ) ਸਟੇਟ (State)

(ੲ) ਰਾਸ਼ਟਰੀ (National) (ਸ) ਇਹ ਸਾਰੇ (All of these)

**ਪ੍ਰਸ਼ਨ 2. ਹੇਠ ਲਿਖਿਆਂ ਦੇ ਪੂਰੇ ਰੂਪ ਲਿਖੋ।**

(i) G2C (ii) G2G (iii) G2E (iv) G2B (v) IRCTC

**ਪ੍ਰਸ਼ਨ 3. ਛੋਟੇ ਉੱਤਰਾਂ ਵਾਲੇ ਪ੍ਰਸ਼ਨ**

(i) ਚੰਗੀ ਗਵਰਨੈਂਸ (Good Governance) ਨੂੰ ਪਰਿਭਾਸ਼ਿਤ ਕਰੋ।

(ii) ਈ-ਗਵਰਨੈਂਸ ਦੇ ਵੱਖ-ਵੱਖ ਲੇਵਲ ਕਿਹੜੇ ਹਨ ?

(iii) ਈ-ਗਵਰਨੈਂਸ ਦੇ ਚਾਰ ਮੁੱਖ ਥੰਮਾਂ ਦੇ ਨਾਂ ਲਿਖੋ।

(iv) ਗਵਰਨੈਂਸ ਅਤੇ ਈ-ਗਵਰਨੈਂਸ ਵਿੱਚ ਅੰਤਰ ਲਿਖੋ।

(v) ਈ-ਗਵਰਨੈਂਸ ਦੇ G2C ਮਾਡਲ ਸੰਬੰਧੀ ਜਾਣਕਾਰੀ ਦਿਓ।

**ਪ੍ਰਸ਼ਨ 4. ਵੱਡੇ ਉੱਤਰਾਂ ਵਾਲੇ ਪ੍ਰਸ਼ਨ**

(i) ਚੰਗੀ ਗਵਰਨੈਂਸ (Good Governance) ਦੀਆਂ ਮੁੱਖ ਵਿਸ਼ੇਸ਼ਤਾਵਾਂ ਲਿਖੋ।

(ii) ਈ-ਗਵਰਨੈਂਸ ਕੀ ਹੈ ? ਈ-ਗਵਰਨੈਂਸ ਦੇ ਚਾਰ ਮਾਡਲਾਂ ਦੀ ਵਿਆਖਿਆ ਕਰੋ।

(iii) ਈ-ਗਵਰਨੈਂਸ ਦੇ ਨੈਸ਼ਨਲ ਲੇਵਲ ਰਾਹੀ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਲਿਸਟ ਤਿਆਰ ਕਰੋ।

(iv) ਸ਼ਹਿਰੀ ਖੇਤਰਾਂ ਵਿੱਚ ਈ-ਗਵਰਨੈਂਸ ਸੇਵਾਵਾਂ ਦਾ ਵਰਨਣ ਕਰੋ।